## ਸਦਾ ਲਈ ਖ਼ੁਸ਼ ... ਪਹਿਲਾਂ ਅਤੇ ਬਾਅਦ

## ਆਪਣੇ ਵਿਆਹ ਨੂੰ ਮਜ਼ਬੂਤ ਕਰਨਾ

### ਵਿਆਹ ਤੋਂ ਪਹਿਲਾਂ: ਵਿਆਹ ਬਾਰੇ ਸਿੱਖਿਆ

ਮਜਬੂਤ ਰਿਸ਼ਤੇ ਤੁਹਾਨੂੰ ਬਦਲਾਵਾਂ ਅਤੇ ਜੀਵਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦੇ ਹਨ। ਚੰਗੀ ਗੱਲਬਾਤ ਦਾ ਵਿਕਾਸ ਅਤੇ ਪੱਕੇ ਰਿਸ਼ਤਿਆਂ ਦੇ ਹੁਨਰ ਦੀ ਉਸਾਰੀ ਆਰੰਭ ਵਿੱਚ ਹੀ ਕਰਨੀ ਮਹੱਤਵਪੂਰਣ ਹੈ, ਤਾਂ ਜੋ ਮੁਸ਼ਕਲ ਸਮੇਂ ਦੇ ਦੌਰਾਨ ਤੁਸੀਂ ਇਹਨਾਂ ਹੁਨਰਾਂ ਨੂੰ ਵਰਤ ਸਕੋ। ਵਿਆਹ ਤੋਂ ਪਹਿਲੀ ਸਿੱਖਿਆ ਹੁਨਰ ਅਤੇ ਜਾਣਕਾਰੀ ਪ੍ਰਦਾਨ ਕਰਕੇ ਜੋੜੇ ਨੂੰ ਵਿਆਹ ਲਈ ਤਿਆਰ ਕਰਦੀ ਹੈ ਅਤੇ ਜੀਵਨ ਭਰ ਲਈ ਵਿਆਹ ਦੇ ਸਬੰਧ ਨੂੰ ਬਣਾਈ ਰੱਖਦੀ ਹੈ। ਪਿਛਲੇ ਰਿਸ਼ਤਿਆਂ ਦੇ ਬੱਚਿਆਂ ਨਾਲ ਵਿਆਹ ਵਿੱਚ ਲਿਆਂਦੀ ਗੁੰਝਲਤਾ ਅਤੇ ਜੁੜੀ ਦਿਸ਼ਾ ਦੀ ਪੜਚੋਲ ਵਾਸਤੇ ਵੀ ਕੋਰਸ ਉਪਲੱਬਧ ਹਨ।

### ਵਿਆਹ ਦੇ ਦੌਰਾਨ: ਪਰਿਵਾਰ ਬਾਰੇ ਸਲਾਹ

ਰਿਸ਼ਤਿਆਂ ਨੂੰ ਚੰਗੇ ਮਾਰਗ ਤੇ ਰੱਖਣਾ ਹਮੇਸ਼ਾ ਆਸਾਨ ਨਹੀਂ ਹੁੰਦਾ ਹੈ। ਰਿਸ਼ਤਿਆਂ ਦੀ ਸਮੱਸਿਆ ਸਾਡੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਤੇ ਪੈਦਾ ਹੋ ਸਕਦੀ ਹੈ। ਡਾਵਾਂਡੋਲ ਪਲਾਂ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਰਿਸ਼ਤਾ ਮੁਸੀਬਤ ਵਿੱਚ ਹੈ, ਇਹ ਇਕ ਨਿਸ਼ਾਨੀ ਹੈ, ਜਿਸਨੂੰ ਤੁਸੀਂ ਥੋੜੀ ਮਦਦ ਨਾਲ ਠੀਕ ਕਰ ਸਕਦੇ ਹੋ।

ਪਰਿਵਾਰਕ ਸਲਾਹ ਬਹੁਤ ਸਾਰੇ ਬਦਲਾਵਾਂ ਜਿਹੜੇ ਵਿਆਹ ਤੋਂ ਬਾਅਦ ਜੋੜੇ ਨਾਲ ਵਾਪਰਦੇ ਹਨ, ਵਿੱਚ ਜੋੜੇ ਦੀ ਬਹੁਤ ਮਦਦ ਕਰ ਸਕਦੀ ਹੈ ਜਿਵੇਂ ਨਿੱਜੀ ਅਤੇ ਪਰਸਪਰ ਮੁੱਦੇ, ਬੱਚਿਆਂ ਅਤੇ ਪਰਿਵਾਰ। ਪਰਿਵਾਰਕ ਸਲਾਹਕਾਰ, ਤੁਹਾਡੇ ਸਾਥੀ ਜਾਂ ਹਿੱਸੇਦਾਰ ਨਾਲ ਭਾਵਨਾਤਮਕ ਸਮੱਸਿਆਵਾਂ ਵਿੱਚ ਜਾਂ ਤੁਹਾਡੀ ਮਾਪਿਆਂ ਵਜੋਂ ਜ਼ਿੰਮੇਵਾਰੀ ਬਾਰੇ ਸਮਝੌਤੇ 'ਤੇ ਪਹੁੰਚਣ ਲਈ ਸਹਾਇਤਾ ਕਰਦੇ ਹਨ।

### ਵਿਆਹ ਟੁੱਟਣਾ: ਪਰਿਵਾਰਕ ਵਿਵਾਦ ਦਾ ਸਮਾਧਾਨ

ਪਰਿਵਾਰਕ ਵਿਵਾਦ ਦਾ ਸਮਾਧਾਨ (FDR) ਜੋੜੇ ਦੀ ਸੰਪਤੀ, ਪੈਸੇ, ਅਤੇ -ਸਭ ਤੋਂ ਮਹੱਤਵਪੂਰਨ-ਕਿਸੇ ਬੱਚੇ ਨੂੰ ਵੱਖਰੇ ਕਰਨ ਬਾਰੇ ਸਮਝੌਤੇ 'ਤੇ ਪਹੁੰਚਣ ਲਈ ਮਦਦ ਕਰ ਸਕਦਾ ਹੈ। ਕਾਨੂੰਨ ਮੰਗ ਕਰਦਾ ਹੈ ਕਿ ਵੱਖ ਹੋ ਰਹੇ ਪਰਿਵਾਰ ਜਿਨ੍ਹਾਂ ਵਿੱਚ ਪਾਲਣ ਪੋਸ਼ਣ ਬਾਰੇ ਵਿਵਾਦ ਹੈ, FDR ਦੁਆਰਾ ਇਸ ਨੂੰ ਅਸਲ ਵਿੱਚ ਹੱਲ ਕਰਨ ਦੀ ਕੋਸ਼ਿਸ਼ ਕਰਨ।

ਮਾਨਤਾ ਪ੍ਰਾਪਤ FDR ਪ੍ਰੈਕਟੀਸ਼ਨਰ, ਤੁਹਾਡੇ ਮੁੱਦੇ ਬਾਰੇ ਗਲਬਾਤ ਕਰਕੇ, ਹੋਰ ਚੋਣਾਂ ਵੇਖ ਕੇ, ਅਤੇ ਸਮਝੌਤੇ ਤੇ ਪਹੁੰਚ ਕੇ ਤੁਹਾਡੀ ਮਦਦ ਕਰ ਸਕਦਾ ਹੈ। ਮਹੱਤਵਪੂਰਨ ਹੈ ਕਿ FDR ਤੁਹਾਡੀ ਪਾਲਣ ਪੋਸ਼ਣ ਦੀ ਯੋਜਨਾ ਦਾ ਵਿਕਾਸ ਕਰਨ ਲਈ ਮਦਦ ਕਰਕੇ ਕਿਸੇ ਵੀ ਬੱਚੇ ਲਈ ਸੈਟ ਹੋਣ ਦਾ ਪ੍ਰਬੰਧ ਕਰ ਸਕਦੀ ਹੈ।

**ਸੇਵਾ ਬਾਰੇ ਹੋਰ ਜਾਣਕਾਰੀ ਅਤੇ ਸਲਾਹ ਲਈ ਜੋੜੇ ਅਤੇ ਪਰਿਵਾਰ ਲਈ ਉਪਲਬਧ, ਪਰਿਵਾਰਕ ਰਿਸ਼ਤਿਆਂ ਦੀ ਆਨਲਾਈਨ ਵੈਬਸਾਈਟ ਤੇ ਜਾਓ, www.familyrelationships.gov.au ਜਾਂ ਪਰਿਵਾਰਕ ਰਿਸ਼ਤਾ ਸਲਾਹ ਲਾਈਨ 1800 050 321 ਤੇ ਫੋਨ ਕਰੋ।**

ਇਹ ਜਾਣਕਾਰੀ ਵਿਆਹ ਦੇ ਕਨੂੰਨ 1961 ਦੇ ਉਪਭਾਗ 42 (5 A) ਦੇ ਅਤੇ ਵਿਆਹ ਦੇ ਰੈਗੂਲੇਸ਼ਨ 1963 ਦੇ ਰੈਗੂਲੇਸ਼ਨ 39A ਅਨੁਸਾਰ ਦਿੱਤੀ ਗਈ ਹੈ

# ਸਦਾ ਲਈ ਖ਼ੁਸ਼ ...

# ਪਹਿਲਾਂ ਅਤੇ ਬਾਅਦ

## ਵਿਆਹ ਦੀ ਯੋਜਨਾ ਬਣਾ ਰਹੇ ਹੋਣ ਜੋੜਿਆਂ ਲਈ ਜਾਣਕਾਰੀ



### ਵਿਆਹ ਮਹੱਤਵਪੂਰਣ ਹੈ

ਤੁਹਾਡਾ ਵਿਆਹ ਕਰਵਾਉਣ ਵਾਲਾ ਤੁਹਾਨੂੰ ਇਹ ਦਸਤਾਵੇਜ਼ ਦਿੰਦਾ ਹੈ, ਕਿਉਂਕਿ ਵਿਆਹ ਕਰਾਉਣ ਵਾਲਾ ਫੈਸਲਾ ਜੋੜੇ ਵਾਸਤੇ ਜੋੜੇ ਦੁਆਰਾ ਕੀਤਾ ਬਹੁਤ ਵੱਡਾ ਫੈਸਲਾ ਹੁੰਦਾ ਹੈ। ਵਿਆਹ ਇਕ ਮਹੱਤਵਪੂਰਨ ਕਦਮ ਹੈ, ਜਿਹੜਾ ਤੁਹਾਡੇ, ਤੁਹਾਡੇ ਸਾਥੀ ਅਤੇ ਤੁਹਾਡੇ ਪਰਿਵਾਰ ਵਾਸਤੇ ਕਈ ਤਰਾਂ ਦੇ ਬਦਲਾਅ ਲਿਆਵੇਗਾ। ਇਹ ਦਸਤਾਵੇਜ਼ ਤੁਹਾਨੂੰ ਦੱਸਦਾ ਹੈ:

- ਆਸਟਰੇਲੀਆ ਵਿੱਚ ਵਿਆਹ ਕਰਾਉਣ ਦੀ ਪ੍ਰਕਿਰਿਆ,
- ਵਿਆਹ ਦੇ ਕੁਝ ਮਹੱਤਵਪੂਰਨ ਕਾਨੂੰਨੀ ਨਤੀਜੇ, ਅਤੇ
- ਰਿਸ਼ਤਿਆਂ ਦੀਆਂ ਸਹਾਇਤਾ ਸੇਵਾਵਾਂ ਕਿੱਥੇ ਹਨ, ਜਿਵੇਂ ਵਿਆਹ ਬਾਰੇ ਸਿੱਖਿਆ, ਪਰਿਵਾਰ ਨਾਲ ਸਲਾਹ ਦੇ ਤੌਰ ਤੇ ਗਲਬਾਤ ਜਾਂ ਝਗੜੇ ਦੇ ਸਮਾਧਾਨ ਵਾਸਤੇ ਸੇਵਾ ਪ੍ਰਾਪਤ ਕਰਨ ਦਾ ਸਥਾਨ।

## ਆਸਟ੍ਰੇਲੀਆ ਵਿੱਚ ਵਿਆਹ ਕਰਾਉਣਾ

ਆਸਟਰੇਲੀਆ ਵਿੱਚ, ਵਿਆਹ ਮੈਰਿਜ ਐਕਟ 1961 ਦੁਆਰਾ ਨਿਯੰਤ੍ਰਿਤ ਹੁੰਦਾ ਹੈ, ਜਿਹੜਾ ਵਿਆਹ ਕਰਾਉਣ ਲਈ ਪ੍ਰਕਿਰਿਆ ਨੂੰ ਅਤੇ ਇਕ ਜਾਇਜ਼ ਵਿਆਹ ਦੀ ਕਾਨੂੰਨੀ ਲੋੜ ਨੂੰ ਪੂਰਾ ਕਰਦਾ ਹੈ।

ਇਕ ਪੂਰਾ ਕੀਤਾ ਵਿਆਹ ਕਰਵਾਉਣ ਦਾ ਨੋਟਿਸ ਫਾਰਮ, ਆਪਣੇ ਸੈਲੀਬਰੈਂਟ ਨੂੰ ਘੱਟ ਤੋਂ ਘੱਟ ਇਕ ਮਹੀਨਾ (ਅਤੇ 18 ਮਹੀਨੇ ਤੱਕ) ਦਿੱਤਾ ਜਾਣਾ ਚਾਹੀਦਾ ਹੈ।

ਤੁਹਾਨੂੰ ਅਤੇ ਤੁਹਾਡੇ ਸਾਥੀ ਨੂੰ ਆਪਣੇ ਸੈਲੀਬਰੈਂਟ ਨੂੰ ਆਪਣੀ ਜਨਮ ਮਿਤੀ, ਸਥਾਨ ਅਤੇ ਕਿਸੇ ਵੀ ਪਿਛਲੇ ਵਿਆਹ ਦੇ ਅੰਤ ਦਾ ਸਬੂਤ ਜ਼ਰੂਰ ਪ੍ਰਦਾਨ ਕਰਨਾ ਚਾਹੀਦਾ ਹੈ।

ਤੁਸੀਂ ਦੋਨੋਂ, 'ਵਿਆਹ ਵਿੱਚ ਕੋਈ ਕਾਨੂੰਨੀ ਅੜਿੱਕਾ ਨਹੀਂ ਹੈ ਵਾਲੇ ਇਕ ਘੋਸ਼ਨਾ ਪੱਤ੍ਰ' ਉਤੇ ਜ਼ਰੂਰ ਦਸਤਖ਼ਤ ਕਰੋਗੇ। ਘੋਸ਼ਣਾ ਪੱਤ੍ਰ ਤੇ ਦਸਤਖ਼ਤ ਕਰਕੇ, ਤੁਸੀਂ ਇਹ ਵੀ ਐਲਾਨ ਕਰਦੇ ਹੋ ਕਿ ਤੁਸੀਂ ਦੋਨੋਂ ਵਿਆਹ ਦੀ ਉਮਰ ਦੇ ਹੋ ਅਤੇ ਤੁਹਾਡੇ ਵਿਆਹ ਵਿੱਚ ਕੋਈ ਕਾਨੂੰਨੀ ਅੜਿੱਕਾ ਨਹੀਂ ਹੈ।

ਤੁਹਾਡੇ ਵਿਆਹ ਦੇ ਦਿਨ ਉਤੇ, ਤੁਹਾਡਾ ਸੈਲੀਬਰੈਂਟ ਤੁਹਾਡੇ ਵਿਆਹ ਦੀ ਰਸਮ ਪੂਰੀ ਕਰੇਗਾ। ਫਿਰ ਤੁਹਾਡਾ ਸੈਲੀਬਰੈਂਟ ਤੁਹਾਨੂੰ, ਤੁਹਾਡੇ ਸਾਥੀ ਨੂੰ ਅਤੇ ਤੁਹਾਡੇ ਗਵਾਹਾਂ ਨੂੰ ਤਿੰਨ ਵਿਆਹ ਦੇ ਸਰਟੀਫਿਕੇਟਾਂ ਉਤੇ ਦਸਤਖਤ ਕਰਨ ਲਈ ਕਹੇਗਾ।

ਤੁਹਾਡੇ ਵਿਆਹ ਤੋਂ ਬਾਅਦ, ਜਿਸ ਰਾਜ ਵਿੱਚ ਤੁਹਾਡਾ ਵਿਆਹ ਹੋਇਆ ਹੈ ਉਸ ਰਾਜ ਦੇ ਜਨਮ, ਮੌਤ ਅਤੇ ਵਿਆਹ ਦੇ ਰਜਿਸਟਰੀ ਦਫਤਰ ਵਿੱਚ ਸੈਲੀਬਰੈਂਟ ਤੁਹਾਡਾ ਵਿਆਹ ਰਜਿਸਟਰ ਕਰਵਾਵੇਗਾ।

## ਆਸਟ੍ਰੇਲੀਆ ਵਿੱਚ ਵਿਆਹ: ਕੁੱਝ ਜਰੂਰੀ ਗੱਲਾਂ ਜੋ ਤੁਹਾਨੂੰ ਜਾਨਣ ਦੀ ਲੋੜ ਹੈ

### ਸਿਹਤ ਅਤੇ ਭਲਾਈ ਲਾਭ

ਜੇ ਤੁਹਾਨੂੰ ਸਿਹਤ ਜਾਂ ਭਲਾਈ ਲਾਭ ਮਿਲਦੇ ਹਨ, ਤੁਹਾਨੂੰ ਸੰਬੰਧਤ ਅਦਾਰੇ ਨਾਲ ਸੰਪਰਕ ਕਰਨ ਦੀ ਲੋੜ ਹੋਵੇਗੀ ਇਹ ਦੱਸਣ ਵਾਸਤੇ ਕਿ ਤੁਹਾਡਾ ਵਿਆਹ ਹੋ ਗਿਆ ਹੈ। ਇਹ ਅਦਾਰੇ ਤੁਹਾਨੂੰ ਦੱਸਣਗੇ ਕਿ ਜੇਕਰ ਤੁਹਾਡੇ ਲਾਭ ਬਦਲਣਗੇ। ਤੁਹਾਡੇ ਲਾਭ ਖਤਮ ਵੀ ਹੋ ਸਕਦੇ ਹਨ ਅਤੇ ਜੇਕਰ ਤੁਸੀਂ ਵਿਆਹ ਤੋਂ ਬਾਅਦ ਵਾਜਬ ਸਮੇਂ ਵਿੱਚ ਨਹੀਂ ਦੱਸਦੇ ਤਾਂ ਤੁਹਾਨੂੰ ਸਜ਼ਾ ਵੀ ਹੋ ਸਕਦੀ ਹੈ।

### ਆਪਣਾ ਨਾਮ ਬਦਲਣਾ

ਕੋਈ ਵੀ ਵਿਅਕਤੀ ਜਿਸਦਾ ਵਿਆਹ ਹੋ ਜਾਵੇ ਆਪਣੇ ਸਾਥੀ ਦਾ ਗੋਤ ਲੈਣ ਦੀ ਚੋਣ ਕਰ ਸਕਦਾ ਹੈ। ਤੁਹਾਨੂੰ ਕਾਨੂੰਨੀ ਤੌਰ ਤੇ ਵਿਆਹ ਤੋਂ ਬਾਅਦ ਆਪਣੇ ਸਾਥੀ ਦੇ ਗੋਤ ਨੂੰ ਲੈਣ ਦੀ ਲੋੜ ਨਹੀਂ ਹੈ।

ਜੇ ਤੁਸੀਂ ਆਪਣੇ ਸਾਥੀ ਦਾ ਗੋਤ ਲੈਣਾ ਚਾਹੁੰਦੇ ਹੋ ਤਾਂ ਤੁਹਾਨੂੰ ਜਨਮ, ਮੌਤ ਅਤੇ ਵਿਆਹ ਦੇ ਆਪਣੇ ਰਾਜ ਜਾਂ ਇਲਾਕੇ ਦੇ ਰਜਿਸਟਰੀ ਦਫਤਰ ਤੋਂ ਵਿਆਹ ਦਾ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਆਮ ਤੌਰ ਤੇ ਇਹ ਸਬੂਤ ਤੁਹਾਡੇ ਨਿੱਜੀ ਦਸਤਾਵੇਜ਼ (ਉਦਾਹਰਨ ਲਈ ਡਰਾਈਵਰ ਲਾਇਸੰਸ) ਨੂੰ ਬਦਲਣ ਲਈ ਕਾਫੀ ਹੈ।

ਸਰਟੀਫਿਕੇਟ ਜਿਹੜਾ ਤੁਹਾਨੂੰ ਆਪਣੇ ਵਿਆਹ ਦੇ ਦਿਨ ਤੇ ਪ੍ਰਾਪਤ ਹੁੰਦਾ ਹੈ ਉਹ ਰਸਮੀ ਹੈ, ਅਤੇ ਬਹੁਤ ਸਾਰੇ ਸਰਕਾਰੀ ਅਦਾਰਿਆਂ ਵਿੱਚ ਤੁਹਾਡੀ ਪਛਾਣ ਦੀ ਲੋੜ ਨੂੰ ਪੂਰਾ ਨਹੀ ਕਰੇਗਾ ਜਿਵੇਂ ਕਿ ਪਾਸਪੋਰਟ ਦਫਤਰ।

### ਨਾਗਿਰਕਤਾ

ਜੇ ਤੁਸੀਂ ਆਸਟ੍ਰੇਲੀਆ ਦੇ ਨਾਗਰਿਕ ਨਾਲ ਵਿਆਹ ਕਰਾਉਂਦੇ ਹੋ, ਇਹ ਨਾ ਭੁੱਲੋ ਕਿ ਤੁਹਾਨੂੰ ਆਸਟਰੇਲੀਆ ਦੀ ਨਾਗਰਿਕਤਾ ਦਾ ਹੱਕ ਆਪਣੇ ਆਪ ਹੀ ਨਹੀਂ ਮਿਲ ਜਾਂਦਾ। ਤੁਹਾਨੂੰ ਹਾਲੇ ਵੀ ਨਾਗਰਿਕਤਾ ਲਈ ਅਰਜ਼ੀ ਦੇਣ ਦੀ ਲੋੜ ਹੋਵੇਗੀ ਅਤੇ ਮਾਪਦੰਡ ਦੀ ਯੋਗਤਾ ਨੂੰ ਪੂਰਾ ਕਰਨਾ ਹੋਵੇਗਾ। ਤੁਸੀਂ ਹੋਰ ਜਾਣਕਾਰੀ ਲੈਣ ਵਾਸਤੇ ਪ੍ਰਵਾਸ ਅਤੇ ਸੀਮਾ ਰੱਖਿਅਕ ਵਿਭਾਗ (ਇਮੀਗ੍ਰੇਸ਼ਨ ਅਤੇ ਬਾਰਡਰ ਪ੍ਰੋਟੈਕਸ਼ਨ) ਦੀ ਵੈੱਬਸਾਈਟ: www.immi.gov.au. ਤੇ ਜਾਓ।

### ਵਸੀਅਤ ਬਣਾਉਣਾ

ਵਿਆਹ ਕਿਸੇ ਵੀ ਪਿਛਲੀ ਵਸੀਅਤ ਨੂੰ ਅਯੋਗ ਕਰ ਦੇਵੇਗਾ ਜਦੋਂ ਤੱਕ ਤੁਹਾਡੀ ਵਸੀਅਤ ਤੋਂ ਸਾਫ਼-ਸਾਫ਼ ਇਹ ਪਤਾ ਨਹੀਂ ਲੱਗਦਾ ਕਿ ਵਸੀਅਤ ਬਣਾਉਣ ਵੇਲੇ ਤੁਸੀਂ ਇਸ ਵਿਆਹ ਦੀ ਯੋਜਨਾ ਪਹਿਲਾਂ ਤੋਂ ਹੀ ਬਣਾ ਰੱਖੀ ਸੀ। ਇਹ ਮਹੱਤਵਪੂਰਣ ਹੈ ਕਿ ਜਦੋਂ ਤੁਹਾਡੇ ਨਿੱਜੀ ਹਾਲਾਤ ਬਦਲ ਜਾਣ ਤਾਂ ਤੁਸੀਂ ਨਵੀਂ ਵਸੀਅਤ ਬਣਾਓ। ਇਸ ਨਾਲ ਯਕੀਨੀ ਬਣ ਜਾਂਦਾ ਹੈ ਕਿ ਤੁਸੀਂ ਇਕ ਜਾਇਜ਼ ਵਸੀਅਤ ਬਣਾ ਲਈ ਹੈ ਜਿਸਤੋਂ ਤੁਹਾਡੇ ਇਰਾਦੇ ਦਾ ਪਤਾ ਲਗਦਾ ਹੈ ਕਿ ਤੁਹਾਡੀ ਮੌਤ ਹੋਣ ਤੇ ਤੁਸੀਂ ਆਪਣੀ ਜਾਇਦਾਦ ਦੀ ਵੰਡ ਕਿਸ ਤਰਾਂ ਚਾਹੁੰਦੇ ਹੋ। ਇਕ ਵਕੀਲ ਤੁਹਾਡੀ ਵਸੀਅਤ ਬਣਾਉਣ ਜਾਂ ਬਦਲਣ ਵਿੱਚ ਮਦਦ ਕਰ ਸਕਦਾ ਹੈ।

### ਵਿਆਹ ਦੇ ਬਾਅਦ ਟੈਕਸ

ਜਦੋਂ ਤੁਹਾਡਾ ਵਿਆਹ ਹੋ ਜਾਂਦਾ ਹੈ ਤਾਂ ਤੁਹਾਡੇ ਟੈਕਸ ਦੀ ਰਕਮ ਦਾ ਭੁਗਤਾਨ ਵੀ ਬਦਲ ਸਕਦਾ ਹੈ। ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਵਿਆਹ ਤੋਂ ਪਹਿਲਾਂ ਆਸਟ੍ਰੇਲੀਆ ਦੇ ਟੈਕਸ ਦਫਤਰ ਨਾਲ, ਟੈਕਸ ਏਜੰਟ ਜਾਂ ਲੇਖਾਕਾਰ ਨਾਲ ਸੰਪਰਕ ਕਰਕੇ ਟੈਕਸ ਤੇ ਪੈਣ ਵਾਲੇ ਪਰਭਾਵਾਂ ਬਾਰੇ ਗੱਲ-ਬਾਤ ਕਰੋ।